ਸਾਡਾ ਸਟਾਫ

ਵਿਸ਼ੇਸ਼ ਜਾਂਚ-ਪੜਤਾਲ ਯੂਨਿਟ ਦੇ ਮੁਖੀ ਇਸਦੇ ਡਾਇਰੈਕਟਰ ਹਨ, ਜਿਨ੍ਹਾਂ ਦਾ ਗੈਰ ਸੈਨਿਕ ਵਿਅਕਤੀ ਅਤੇ ਗੈਰ-ਪੁਲਿਸ ਪਿਛੋਕੜ ਹੋਣਾ ਜ਼ਰੂਰੀ ਹੈ। SIU ਵਲੋਂ ਤਫਤੀਸ਼ ਕਰਨ ਲਈ ਤਕਰੀਬਨ 70 ਤਫਤੀਸ਼ਕਰਤਾ ਹਨ, ਜੋ ਮਿਸਿਸਾਗਾ, ਓਨਟਾਰੀਓ ਵਿਖੇ SIU ਦੇ ਮੁਖ ਦਫਤਰ ਵਿਚ ਅਤੇ ਪੂਰੇ ਸੂਬੇ ਵਿਚ ਕੰਮ ਕਰਦੇ ਹਨ। ਇਸ ਪ੍ਰਸਾਰ ਦੀ ਜਾਂਚ ਪੜਤਾਲ ਸੂਬੇ ਵਿੱਚ ਹੋਣ ਵਾਲੀਆਂ ਘਟਨਾਵਾਂ ਦੀ ਜਾਂਚ ਸਮੇ ਸਿਰ ਕਰਨ ਲਈ ਨਿਸ਼ਚਿਤ ਹਨ। ਸਾਰੇ SIU ਤਫਤੀਸ਼ਕਰਤਾ ਗੈਰ ਸੈਨਿਕ ਵਿਅਕਤੀ ਹਨ। ਇਹਨਾਂ ਵਿਚੋਂ ਕੁਝ ਪਹਿਲਾਂ ਪੁਲਿਸ ਅਫਸਰ ਰਹਿ ਚੁਕੇ ਹਨ ਅਤੇ ਕੁਝ ਦਾ ਪਿਛੋਕੜ ਗੈਰ ਸੈਨਿਕ ਵਿਅਕਤੀ ਜਾਂਚ-ਪੜਤਾਲ ਦਾ ਹੈ। ਤਫਤੀਸ਼ਕਾਰ ਸਟਾਫ ਦੀ ਮਦਦ ਕਰਨ ਲਈ 17 ਲੋਕਾਂ ਦਾ ਪ੍ਰਸ਼ਾਸਨਿਕ ਸਟਾਫ ਹੈ। ■

ਸਾਡਾ ਉਦੇਸ਼

ਅਸੀ ਨਿਪੁੰਨ ਗੈਰ ਸੈਨਿਕ ਵਿਅਕਤੀਆਂ ਦੀ ਟੀਮ ਓਨਟਾਰੀਓ ਦੇ ਵੱਖ ਵੱਖ ਭਾਈਚਾਰਿਆਂ ਦੀ ਸੇਵਾ ਕਰਨ ਲਈ ਵਚਨਬੱਧ ਹਾਂ।

ਅਸੀਂ ਪੁਲਿਸ ਦੀ ਸ਼ਮੂਲੀਅਤ ਵਾਲੇ ਅਜੇਹੇ ਮਾਮਲਿਆਂ ਦੀ ਡੂੰਘੀ ਅਤੇ ਨਿਰਪੱਖ ਜਾਂਚ ਕਰਦੇ ਹਾਂ, ਜਿਨ੍ਹਾਂ ਵਿਚ ਕਿਸੇ ਨੂੰ ਗੰਭੀਰ ਸੱਟ ਲਗੀ ਹੋਵੇ, ਜਿਣਸੀ ਹਮਲੇ ਦਾ ਇਲਜ਼ਾਮ ਹੋਵੇ ਜਾਂ ਮੌਤ ਹੋਈ ਹੋਵੇ।

ਸਬੂਤ ਇਕੱਠੇ ਕਰਨ ਅਤੇ ਉਹਨਾਂ ਦਾ ਮੁਲਾਂਕਣ ਕਰਨ ਵਿਚ ਸਾਡੀ ਨਿਰਪੱਖਤਾ ਪੁਲਿਸ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਂਦੀ ਹੈ, ਜਿਸ ਨਾਲ SIU ਦੇ ਕੰਮ ਵਿਚ ਸਾਰੇ ਲੋਕਾਂ ਦਾ ਵਿਸ਼ਵਾਸ ਵੱਧਦਾ ਹੈ। ■

SIU ਬਾਰੇ ਹੋਰ ਜਾਣਕਾਰੀ ਲੈਣ ਲਈ
ਸਾਡੀ ਵੈਬਸਾਈਟ

www.siu.on.ca

ਤੇ ਆਓ:

ਖਬਰਾਂ
ਇਤਿਹਾਸ
ਅੰਕੜੇ
ਪ੍ਰਕਾਸ਼ਨ
+ ਹੋਰ ਬਹੁਤ ਕੁਝ

• • • •

@SIUOntario

SPECIAL INVESTIGATIONS UNIT

ਵਿਸ਼ੇਸ਼ ਜਾਂਚ-ਪੜਤਾਲ ਯੂਨਿਟ

5090 Commerce Boulevard
Mississauga, Ontario L4W 5M4

Phone: 416 622-0748
Toll Free: 1 800 787-8529
Fax: 416 622-2455

www.siu.on.ca

SPECIAL INVESTIGATIONS UNIT

ਵਿਸ਼ੇਸ਼ ਜਾਂਚ-ਪੜਤਾਲ ਯੂਨਿਟ

ਸੁਤੰਤਰ ਜਾਂਚ-ਪੜਤਾਲ

ਭਾਈਚਾਰੇ ਦਾ ਵਿਸ਼ਵਾਸ

ਵਿਸ਼ੇਸ਼ ਜਾਂਚ-ਪੜਤਾਲ ਯੂਨਿਟ ("SIU" ਜਾਂ "ਯੂਨਿਟ") ਪੁਲਿਸ ਦੀ ਸ਼ਮੂਲੀਅਤ ਵਾਲੀਆਂ ਉਹਨਾਂ ਘਟਨਾਵਾਂ ਦੀ ਛਾਣ-ਬੀਣ ਕਰਦੀ ਹੈ, ਜਿਨ੍ਹਾਂ ਵਿਚ ਗੰਭੀਰ ਸੱਟ ਲਗੀ ਹੋਵੇ, ਕਿਸੇ ਦੀ ਮੌਤ ਹੋਈ ਹੋਵੇ ਜਾਂ ਜਿਣਸੀ ਹਮਲੇ ਦੇ ਇਲਜ਼ਾਮ ਲਾਏ ਗਏ ਹੋਣ। SIU ਗੈਰ ਸੈਨਿਕ ਵਿਅਕਤੀ ਕਾਨੂੰਨ ਲਾਗੂ ਕਰਾਉਣ ਵਾਲੀ ਇੱਕ ਏਜੰਸੀ ਹੈ, ਜੋ ਪੁਲਿਸ ਤੋਂ ਸੁਤੰਤਰ ਹੈ ਅਤੇ ਓਨਟਾਰੀਓ ਦੀ ਸਰਕਾਰ ਤੋਂ ਦੇ ਨਿੱਕਟ ਹਾਂ ਹੈ।

ਪੁਲਿਸ ਦੀਆਂ ਸੇਵਾਵਾਂ ਸਬੰਧੀ ਕਾਨੂੰਨ ਦੇ ਭਾਗ VII, ਸੈਕਸ਼ਨ 113 ਦੇ ਹੇਠ SIU ਦੇ ਡਾਇਰੈਕਟਰ ਨੂੰ ਇਸ ਗੱਲ ਦਾ ਹੱਕ ਹੈ ਕਿ ਉਹ, ਲੋੜ ਪੈਣ ਤੇ, ਕਿਸੇ ਪੁਲਿਸ ਅਫ਼ਸਰ ਦੇ ਖਿਲਾਫ਼ ਜਾਂਚ ਕਰਵਾ ਸਕੇ ਅਤੇ ਇਕੱਠੇ ਹੋਏ ਸਬੂਤਾਂ ਦੇ ਅਧਾਰ ਤੇ ਉਸ ਦੇ ਖਿਲਾਫ਼ ਫੌਜਦਾਰੀ ਜੁਰਮ ਦੇ ਦੋਸ਼ ਆਇਦ ਕਰ ਸਕੇ। ■

SIU ਕਿਸ ਦੀ ਜਾਂਚ-ਪੜਤਾਲ ਕਰ ਸਕਦੀ ਹੈ?

SIU ਪੂਰੇ ਓਨਟਾਰੀਓ ਵਿਚ ਘਟਨਾਵਾਂ ਦੀ ਜਾਂਚ ਕਰਦੀ ਹੈ ਅਤੇ ਇਸ ਦੇ ਅਧਿਕਾਰ ਖੇਤਰ ਹੇਠ ਸਾਰੇ ਮਿਊਨਿਸਪਲ, ਇਲਾਕਾਈ ਅਤੇ ਸੂਬਾਈ ਪੁਲਿਸ ਅਫ਼ਸਰ ਆਉਂਦੇ ਹਨ। ਇਸ ਦੇ ਹੇਠਾਂ ਤਕਰੀਬਨ 58 ਪੁਲਿਸ ਸੇਵਾਵਾਂ ਅਤੇ ਲਗਭਗ 28,000 ਅਫ਼ਸਰ ਆਉਂਦੇ ਹਨ। SIU ਨੂੰ ਫਸਟ ਨੇਸ਼ੰਜ਼ ਕਾਂਸਟੇਬਲਾਂ ਜਾਂ ਰੌਇਲ ਕੈਨੇਡੀਅਨ ਮਾਉਂਟਿਡ ਪੁਲਿਸ (RCMP) ਦੇ ਅਫ਼ਸਰਾਂ ਦੀ ਤਫ਼ਤੀਸ਼ ਕਰਨ ਦਾ ਹੱਕ ਨਹੀਂ ਹੈ। ■

SIU ਕਿਸ ਗੱਲ ਦੀ ਜਾਂਚ ਕਰ ਸਕਦੀ ਹੈ?

ਇਸ ਯੂਨਿਟ ਦਾ ਤਫ਼ਤੀਸ਼ੀ ਅਧਿਕਾਰ ਖੇਤਰ, ਸਿਰਫ ਉਹਨਾਂ ਘਟਨਾਵਾਂ ਤਕ ਸੀਮਤ ਹੈ, ਜਿੱਥੇ ਪੁਲਿਸ ਦੀ ਸ਼ਮੂਲੀਅਤ ਵਾਲੇ ਮਾਮਲਿਆਂ ਵਿਚ **ਗੰਭੀਰ ਸੱਟ** ਲਗੀ ਹੋਵੇ, ਕਿਸੇ ਦੀ **ਮੌਤ** ਹੋਈ ਹੋਵੇ ਜਾਂ **ਜਿਣਸੀ ਹਮਲੇ ਦੇ ਇਲਜ਼ਾਮ** ਲਾਏ ਗਏ ਹੋਣ। ਇਹਨਾਂ ਕਸੌਟੀਆਂ ਤੇ ਪੂਰੀਆਂ ਨਾ ਉਤਰਣ ਵਾਲੀਆਂ, ਪੁਲਿਸ ਦੇ ਵਤੀਰੇ, ਸੇਵਾ ਜਾਂ ਨੀਤੀ ਬਾਰੇ ਸ਼ਿਕਾਇਤਾਂ ਨੂੰ **ਆਫ਼ਿਸ ਆੱਫ ਦਿ ਇੰਡੀਪੈਂਡੈਂਟ ਪੁਲਿਸ ਰੀਵਿਊ ਡਾਇਰੈਕਟਰ** (OIPRD) ਵਰਗੀਆਂ ਦੂਜੀਆਂ ਏਜੰਸੀਆਂ ਕੋਲ ਭੇਜਿਆ ਜਾਂਦਾ ਹੈ। ■

"ਗੰਭੀਰ ਸੱਟਾਂ" ਕਿਹੜੀਆਂ ਹੁੰਦੀਆਂ ਹਨ?

ਗੰਭੀਰ ਸੱਟਾਂ ਦੀ ਭਰਿਭਾਸ਼ਾਂ SIU ਦੇ ਪਹਿਲੇ ਡਾਇਰੈਕਟਰ ਸਵਰਗੀ ਮਾਣਯੋਗ John Osler ਵਲੋਂ ਨਿਯਮਤ ਕੀਤੀ ਗਈ ਸੀ।

ਗੰਭੀਰ ਸੱਟਾਂ ਦੇ ਵਿੱਚ ਉਹ ਸ਼ਾਮਿਲ ਹੈ ਜੋ ਜਮਲੂਮ ਦੀ ਸਿਹਤ ਤੇ ਆਰਾਮ ਵਿੱਚ ਖਲਬੱਲੀ ਪਾਉਦਾ ਹੈ, ਇਹ ਕੇਵਲ ਆਰਜੀ ਯਾਂ ਮਾਮੂਲੀ ਤੋਂ ਵੱਧ ਹੁੰਦਾ ਹੈ ਅਤੇ ਇਸ ਵਿੱਚ ਉਹ ਗੰਭੀਰ ਸੱਟਾਂ ਹੁੰਦੀਆਂ ਹਨ ਜੋ ਜਿਣਸੀ ਹਮਲੇ ਨਾਲ ਹੋਈਆਂ ਹੁੰਦੀਆਂ ਹਨ।

ਔਸਲਰ ਦੀ ਪਰਿਭਾਸ਼ਾ ਅੱਗੇ ਇਹ ਵੀ ਕਹਿੰਦੀ ਹੈ ਕਿ ਸ਼ੁਰੂ ਵਿਚ ਗੰਭੀਰ ਸੱਟ ਨੂੰ ਉਸ ਸਮੇਂ ਮੰਨਿਆ ਜਾਵੇਗਾ, ਜਦੋਂ ਸ਼ਿਕਾਇਤਕਰਤਾ:

- ਨੂੰ ਹਸਪਤਾਲ ਵਿਚ ਦਾਖਲ ਕੀਤਾ ਜਾਂਦਾ ਹੈ;
- ਉਸਦੇ ਹੱਥ-ਪੈਰ, ਪਸਲੀ ਜਾਂ ਰੀੜ੍ਹ ਜਾਂ ਖੋਪੜੀ ਦੀ ਹੱਡੀ ਟੁੱਟਦੀ ਹੈ;
- ਉਸਦੇ ਸ਼ਰੀਰ ਦਾ ਇੱਕ ਵੱਡਾ ਹਿੱਸਾ ਸੜ ਜਾਂਦਾ ਹੈ ਜਾਂ ਸ਼ਰੀਰ ਦਾ ਕੋਈ ਹਿੱਸਾ ਕੱਟ ਜਾਂਦਾ ਹੈ;
- ਉਸਦੇ ਵੇਖਣ ਜਾਂ ਸੁਣਨ ਦੀ ਸ਼ਕਤੀ ਨੂੰ ਨੁਕਸਾਨ ਪਹੁੰਚਦਾ ਹੈ; ਜਾਂ
- ਜਿਣਸੀ ਹਮਲੇ ਦੀ ਸ਼ਿਕਾਇਤ ਕਰਦਾ/ਕਰਦੀ ਹੈ। ■

ਮੈਂ ਸ਼ਿਕਾਇਤ ਕਿਵੇਂ ਕਰ ਸਕਦਾ/ਸਕਦੀ ਹਾਂ?

ਕਾਨੂੰਨ ਦੇ ਮੁਤਾਬਕ ਇਹ ਜ਼ਰੂਰੀ ਹੈ ਕਿ ਪੁਲਿਸ ਸੇਵਾਵਾਂ, SIU ਦੇ ਅਧਿਕਾਰ ਹੇਠ ਆਉਣ ਵਾਲੀ ਹਰ ਘਟਨਾ ਦੀ ਜਾਣਕਾਰੀ ਸਾਨੂੰ ਦੇਣ।, ਸਾਨੂੰ ਆਮ ਲੋਕਾਂ ਤੋਂ ਬੇਨਤੀਆਂ ਨੇਮ ਨਾਲ ਮਿਲਦੀਆਂ ਰਹਿੰਦੀਆਂ ਹਨ ਅਤੇ ਅਸੀਂ ਉਹਨਾਂ 'ਤੇ ਕਾਰਵਾਈ ਕਰਦੇ ਹਾਂ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਪੁਲਿਸ ਨਾਲ ਕਿਸੇ ਅਜੇਹੀ ਘਟਨਾ ਵਿਚ ਸ਼ਾਮਲ ਸੀ, ਜਿਸਦੇ ਨਤੀਜੇ ਵਜੋਂ ਤੁਹਾਨੂੰ ਗੰਭੀਰ ਸੱਟ ਲਗੀ ਹੈ, ਤਾਂ ਤੁਹਾਨੂੰ ਫੋਨ ਰਾਹੀਂ ਜਾਂ SIU ਦੀ ਵੈਬਸਾਈਟ ਰਾਹੀਂ SIU ਨਾਲ ਸੰਪਰਕ ਕਰਨਾ ਚਾਹੀਦਾ ਹੈ।

ਤੁਹਾਨੂੰ ਇੱਕ ਤਫਤੀਸ਼ ਸੁਪਰਵਾਈਜ਼ਰ ਕੋਲ ਭੇਜਿਆ ਜਾਏਗਾ, ਜੋ ਇਹ ਫੈਸਲਾ ਕਰੇਗਾ ਕਿ ਤੁਹਾਡੀ ਸ਼ਿਕਾਇਤ SIU ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ ਜਾਂ ਨਹੀਂ। ਜੇ ਆਉਂਦੀ ਹੈ ਤਾਂ ਅਸੀਂ ਤੁਹਾਡੀ ਘਟਨਾ ਦੀ ਜਾਂਚ ਕਰਾਂਗੇ। ਜਦ ਸਾਰੇ ਤੱਥ ਇਕੱਠੇ ਹੋ ਜਾਣਗੇ, ਤਾਂ ਡਾਇਰੈਕਟਰ ਇਹ ਫੈਸਲਾ ਕਰੇਗਾ ਕਿ ਪੁਲਿਸ ਅਫਸਰ ਦੇ ਖਿਲਾਫ ਫੌਜਦਾਰੀ ਜੁਰਮ ਦੇ ਦੋਸ਼ ਆਇਦ ਕਰਨ ਦੇ ਵਾਜਬ ਅਧਾਰ ਹਨ ਜਾਂ ਨਹੀਂ। ■